ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਦਫਤਰ: ਉਪ ਮੁੱਖ ਇੰਜੀਨੀਅਰ / ਪੀ ਤੇ ਐਮ ਹਲਕਾ,
132 ਕੇਵੀ ਸਬ-ਸਟੇਸ਼ਨ ਜੀ.ਟੀ.ਰੋਡ ਅੰਮ੍ਰਿਤਸਰ-143001. ।
Ph. 0183-2702562 Fax. 0183-2702562
e.mail :se-pm-asr@pstcl.org

pstcl
PUNJAB STATE TRANSMISSION CORPORATION LIMITED

---

ਦਫਤਰੀ ਹੁਕਮ ਨੰ: 97 / ਮਿਤੀ: 12-9-18

ਜਿਵੇਂਕਿ ਸ੍ਰੀ ਮਨਰਾਜ ਸਿੰਘ, ਐਸ.ਐਸ.ਏ. ਪੁਤੱਰ ਸ੍ਰੀ ਬਲਦੇਵ ਸਿੰਘ (ਜਨਮ ਮਿਤੀ: 15-10-1980) ਜਦੋਂ ਇਹ 220 ਕੇਵੀ ਸਬ-ਸਟੇਸ਼ਨ ਨਰਾਇਣਗੜ੍ਹ ਅਧੀਨ ਪੀ ਤੇ ਐਮ ਮੰਡਲ, ਵਰਪਾਲ ਵਿਖੇ ਤੈਨਾਤ ਸੀ ਤਾਂ ਉਸ ਨੇ ਮਿਤੀ: 01-07-2016 ਨੂੰ ਮੈਡੀਕਲ ਛੁੱਟੀ ਲਈ ਮੈਡੀਕਲ ਸਰਟੀਫਿਕੇਟ ਭੇਜਿਆ। ਉਸ ਵਲੋਂ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਵੱਖ-ਵੱਖ ਮਿਤੀਆਂ ਨੂੰ ਛੁੱਟੀ ਵਧਾਉਣ ਲਈ ਬਾਰ-ਬਾਰ ਬਿਮਾਰ ਹੋਣ ਦਾ ਕਾਰਨ ਦੱਸਦੇ ਹੋਏ ਪ੍ਰਾਈਵੇਟ ਡਾਕਟਰ ਪਾਸੋਂ ਮੈਡੀਕਲ ਸਰਟੀਫਿਕੇਟ ਭੇਜੇ। ਉਸ ਨੂੰ ਐਸ.ਐਸ.ਈ. / 220 ਕੇਵੀ ਸਬ-ਸਟੇਸ਼ਨ ਨਰਾਇਣਗੜ੍ਹ ਵਲੋਂ ਪੱਤਰ ਨੰ: 230 ਮਿਤੀ: 05-09-2016, ਪੱਤਰ ਨੰ: 256 ਮਿਤੀ: 20-10-2016, ਪੱਤਰ ਨੰ: 277 ਮਿਤੀ: 18-11-2016 ਅਤੇ ਵਧੀਕ ਨਿਗ:ਇੰਜ: / ਪੀ ਤੇ ਐਮ ਮੰਡਲ, ਵਰਪਾਲ ਵਲੋਂ ਪੱਤਰ ਨੰ: 2021 ਮਿਤੀ: 02-12-2016, ਪੱਤਰ ਨੰ: 2162 ਮਿਤੀ: 30-12-2016 ਲਗਾਤਾਰ ਡਿਊਟੀ ਤੋਂ ਗੈਰ ਹਾਜ਼ਰ ਰਹਿਣ ਕਾਰਨ ਆਪਣਾ ਸਪੱਸ਼ਟੀਕਰਨ ਪੇਸ਼ ਕਰਦੇ ਹੋਏ ਡਿਊਟੀ ਤੇ ਹਾਜ਼ਰ ਹੋ ਕੇ ਸਿਵਲ ਸਰਜਨ ਵਲੋਂ ਜਾਰੀ ਮੈਡੀਕਲ ਸਰਟੀਫਿਕੇਟ ਪੇਸ਼ ਕਰਨ ਲਈ ਪੱਤਰ ਲਿਖੇ ਗਏ ।

ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਵਲੋਂ ਇਨਾਂ ਪੱਤਰਾਂ ਦਾ ਕੋਈ ਜੁਆਬ ਨਹੀ ਦਿੱਤਾ ਗਿਆ ਅਤੇ ਨਾ ਹੀ ਦਫਤਰ ਵਿਖੇ ਹਾਜ਼ਰ ਹੋ ਕੇ ਸਿਵਲ ਸਰਜਨ ਵਲੋਂ ਜਾਰੀ ਮੈਡੀਕਲ ਸਰਟੀਫਿਕੇਟ ਪੇਸ਼ ਕੀਤਾ ਅਤੇ ਨਾ ਹੀ ਅਧਿਕਾਰੀਆਂ ਸਾਹਮਣੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਪੇਸ਼ ਕੀਤਾ । ਉਪਰੋਕਤ ਤੋਂ ਸਪੱਸ਼ਟ ਹੈ ਕਿ ਉਹ ਜਾਣ ਬੁੱਝਕੇ ਡਿਊਟੀ ਤੋਂ ਗੈਰ ਹਾਜ਼ਰ ਚੱਲ ਰਿਹਾ ਹੈ।

ਉਪਰੋਕਤ ਕੁਤਾਹੀਆਂ / ਅਣਗਹਿਲੀਆਂ ਕਾਰਨ ਉਸਨੂੰ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਦੋਸ਼ ਸੂਚੀ ਨੰ: 2254 ਮਿਤੀ: 25-04-17 ਜਾਰੀ ਕੀਤੀ ਗਈ ਜੋ ਕਿ ਉਸ ਵਲੋਂ ਮਿਤੀ: 04-05-2017 ਨੂੰ ਪ੍ਰਾਪਤ ਕਰ ਲਈ ਗਈ ਪਰ ਮਿਥੇ ਸਮੇਂ (20 ਦਿਨ) ਅੰਦਰ ਅਤੇ ਅੱਜ ਤੱਕ ਵੀ ਉਸ ਵਲੋਂ ਦੋਸ਼ ਸੂਚੀ ਦਾ ਕੋਈ ਜੁਆਬ ਨਹੀਂ ਦਿੱਤਾ ਗਿਆ ।

ਇਸ ਉਪਰੰਤ ਇਸ ਦਫਤਰ ਦੇ ਦਫਤਰੀ ਹੁਕਮ ਨੰ: 78 ਮਿਤੀ: 16-08-2017 ਨਾਲ ਕਰਮਚਾਰੀ ਵਿਰੁੱਧ ਲਗਾਏ ਗਏ ਦੋਸ਼ਾ ਦੀ ਪੜਤਾਲ ਲਈ ਏ.ਈ.ਈ. / ਟੈਕ , ਪੀ ਤੇ ਐਮ ਹਲਕਾ,ਅੰਮ੍ਰਿਤਸਰ ਨੂੰ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ। ਇੰਨਕੁਆਰੀ ਅਫਸਰ ਵਲੋਂ ਡਾਇਰੀ ਨੰ: 4180 ਮਿਤੀ: 21-11-2017 ਨਾਲ ਆਪਣੀ ਪੜਤਾਲੀਆ ਰਿਪੋਰਟ ਪੇਸ਼ ਕੀਤੀ ਗਈ ।

-- ਚੱਲਦਾ ਪੰਨਾ -2 --

ਇੰਨਕੁਆਰੀ ਅਫਸਰ ਦੀ ਰਿਪੋਰਟ ਅਨੁਸਾਰ ਕੇਸ ਦੀ ਘੋਖ ਕਰਨ ਉਪਰੰਤ ਉਸ ਨੂੰ (ਸ੍ਰੀ ਮਨਰਾਜ ਸਿੰਘ, ਐਸ.ਐਸ ਏ.) ਜਾਰੀ ਦੋਸ਼ ਸੂਚੀ ਨੰ: 2254 ਮਿਤੀ: 25-04-2017 ਮੁਤਾਬਿਕ ਡਿਊਟੀ ਨਿਭਾਉਣ ਵਿੱਚ ਕੀਤੀਆਂ ਕੁਤਾਹੀਆਂ / ਅਣਗਹਿਲੀਆਂ ਠੀਕ ਸਾਬਤ ਹੁੰਦੀਆਂ ਹਨ।

ਇਸ ਦਫਤਰ ਦੇ ਪੱਤਰ ਨੰ: 7224 ਮਿਤੀ: 22-12-2017 ਨਾਲ ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਨੂੰ ਇੰਨਕੁਆਰੀ ਅਫਸਰ ਵਲੋਂ ਕੀਤੀ ਗਈ ਪੜਤਾਲ ਰਿਪੋਰਟ ਦੀ ਕਾਪੀ ਭੇਜਦੇ ਹੋਏ ਆਪਣਾ ਪੱਖ ਪੇਸ਼ ਕਰਨ ਲਈ ਮਿਤੀ: 03-01-2018 ਨੂੰ ਪੇਸ਼ ਹੋਣ ਦਾ ਮੌਕਾ ਦਿੱਤਾ ਗਿਆ। ਮਿਤੀ: 04-01-2018 ਨੂੰ ਪੇਸ਼ ਹੋਣ ਤੇ ਨਿਮਨ ਹਸਤਾਖਰ ਕਰਤਾ ਵਲੋਂ ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਨੂੰ ਬਿਮਾਰੀ ਦੀ ਪੁਸ਼ਟੀ ਸਬੰਧੀ ਸਿਵਲ ਸਰਜਨ ਦਾ ਮੈਡੀਕਲ ਸਰਟੀਫਿਕੇਟ / ਜਿਸ ਡਾਕਟਰ ਤੋਂ ਬਿਮਾਰੀ ਦੌਰਾਨ ਇਲਾਜ ਕਰਵਾਇਆ ਗਿਆ ਦਾ ਫਿੱਟਨੈਸ ਸਰਟੀਫਿਕੇਟ ਅਤੇ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਕਾਰਵਾਈ ਵਿੱਚ ਸ਼ਾਮਿਲ ਨਾ ਹੋਣ ਸਬੰਧੀ ਮੈਜਿਸਟਰੇਟ ਦਾ ਹਲਫੀਆ ਬਿਆਨ ਪੇਸ਼ ਕਰਨ ਲਈ ਕਿਹਾ ਗਿਆ ਤਾਂ ਜੋ ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਨੂੰ ਡਿਊਟੀ ਜੁਆਇੰਨ ਕਰਵਾਈ ਜਾ ਸਕੇ। ਜੋ ਕਿ ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਵਲੋਂ ਪੇਸ਼ ਕਰਨ ਦਾ ਭਰੋਸਾ ਦੁਆਇਆ ਗਿਆ ਪਰ ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਵਲੋਂ ਕੋਈ ਵੀ ਦਸਤਾਵੇਜ ਪੇਸ਼ ਨਹੀ ਕੀਤਾ ਗਿਆ ਜਿਸ ਸਬੰਧੀ ਉਸ ਨੂੰ ਪੱਤਰ ਨੰ: 218 ਮਿਤੀ: 11-01-2018 ਲਿਖਿਆ ਗਿਆ ਪਰ ਫਿਰ ਵੀ ਉਸ ਵਲੋਂ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਕੋਈ ਦਸਤਾਵੇਂਜ ਪੇਸ਼ ਨਹੀ ਕੀਤਾ ਗਿਆ ।

ਉਪਰੋਕਤ ਦਸਤਾਵੇਂਜ ਪੇਸ਼ ਕਰਨ ਲਈ ਫਿਰ ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਨੂੰ ਇਸ ਦਫਤਰ ਦੇ ਪੱਤਰ ਨੰ: 607 ਮਿਤੀ: 30-01-2018 ਰਾਹੀ ਮੌਕਾ ਦਿੱਤਾ ਗਿਆ। ਪਰ ਉਸ ਵਲੋਂ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਆਪਣੀ ਗੈਰ ਹਾਜ਼ਰੀ ਦੇ ਸਮੇਂ ਨਾਲ ਸਬੰਧੰਤ ਲੋੜੀਂਦੇ ਦਸਤਾਵੇਂਜ ਪੇਸ਼ ਨਹੀਂ ਕੀਤੇ ਗਏ।

ਇਸ ਉਪਰੰਤ ਉਸ ਨੂੰ ਅਖੀਰੀ ਮੌਕਾ ਦਿੰਦੇ ਹੋਏ ਇਸ ਦਫਤਰ ਦੇ ਮੀਮੋ ਨੰ: 1573 ਮਿਤੀ: 22-03-2018 ਅਤੇ ਦਫਤਰੀ ਹੁਕਮ ਨੰ: 39 ਮਿਤੀ: 22-03-2018 ਨਾਲ 220 ਕੇਵੀ ਸਬ-ਸਟੇਸ਼ਨ ਚੌਗਾਵਾਂ ਅਧੀਨ ਪੀ ਤੇ ਐਮ ਮੰਡਲ, ਵਰਪਾਲ ਦੇ ਤੈਨਾਤੀ ਹੁਕਮ ਦਿੰਦੇ ਹੋਏ ਡਿਊਟੀ ਜੁਆਇੰਨ ਕਰਨ ਲਈ ਲਿਖਿਆ ਗਿਆ। ਪਰ ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ.) ਵਲੋਂ ਮਿਥੇ ਸਮੇਂ ਦੇ ਅੰਦਰ ਡਿਊਟੀ ਜੁਆਇੰਨ ਨਹੀਂ ਕੀਤੀ ਗਈ।

ਇਸ ਉਪਰੰਤ ਪੀ ਤੇ ਐਮ ਮੰਡਲ, ਵਰਪਾਲ ਦੇ ਪੱਤਰ ਨੰ: 783 ਮਿਤੀ: 20-06-2018 ਨਾਲ ਉਪ ਮੁੱਖ ਇੰਜੀਨੀਅਰ / ਸਿਵਲ ਡਿਜਾਈਨ, ਸ਼ਕਤੀ ਸਦਨ, ਪੰ:ਰਾ:ਟ:ਕਾ:ਲਿਮ: ਪਟਿਆਲਾ ਨੂੰ ਪਬਲਿਕ ਨੋਟਿਸ ਛਪਵਾਉਣ ਲਈ ਲਿਖਿਆ ਗਿਆ ਜਿਹੜਾ ਕਿ ਮਿਤੀ; 28-06-2018 ਨੂੰ (ਪੰਜਾਬੀ ਟ੍ਰਿਬਿਊਨ ਜਲੰਧਰ ਅਤੇ ਦੀ ਟਾਈਮਜ ਆਫ ਇੰਡੀਆ ਚੰਡੀਗੜ੍ਹ ) ਵਿੱਚ ਛਪਿਆ । ਪਰ ਇਸ ਪਬਲਿਕ ਨੋਟਿਸ ਦੇਣ ਦੇ ਬਾਵਜੂਦ ਵੀ ਉਹ ਡਿਊਟੀ ਤੇ ਹਾਜ਼ਰ ਨਹੀਂ ਹੋਇਆ।

ਨਿਮਨ ਹਸਤਾਖਰ ਕਰਤਾ ਵਲੋਂ ਉਪਰੋਕਤ ਸਾਰੇ ਕੇਸ ਨੂੰ ਘੋਖਿਆ / ਵਿਚਾਰਿਆ ਗਿਆ ਅਤੇ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਇਹ ਫੈਸਲਾ ਲਿਆ ਗਿਆ ਕਿ ਉਹ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ) ਆਪਣੀ ਡਿਊਟੀ ਤੋਂ ਜਾਣ ਬੁੱਝ ਕੇ ਗੈਰ ਹਾਜ਼ਰ ਚੱਲ ਰਿਹਾ ਹੈ। ਉਸ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ) ਨੂੰ ਡਿਊਟੀ ਤੇ ਹਾਜ਼ਰ ਹੋਣ

-- ਚੱਲਦਾ ਪੰਨਾ -3 --

ਲਈ ਅਤੇ ਆਪਣਾ ਪੱਖ ਪੇਸ਼ ਕਰਨ ਲਈ ਮਹਿਕਮੇ ਦੀਆ ਹਦਾਇਤਾਂ ਅਨੁਸਾਰ ਹਰ ਸੰਭਵ ਮੌਕਾ ਦਿੱਤਾ ਗਿਆ ਹੈ, ਪਰ ਉਹ (ਸ੍ਰੀ ਮਨਰਾਜ ਸਿੰਘ, ਐਸ.ਐਸ.ਏ) ਆਪਣੀ ਡਿਊਟੀ ਤੋਂ ਜਾਣ ਬੁੱਝ ਕੇ ਗੈਰ ਹਾਜ਼ਰ ਹੈ।

ਇਸ ਲਈ ਸ੍ਰੀ ਮਨਰਾਜ ਸਿੰਘ, ਐਸ.ਐਸ.ਏ.ਪੁਤੱਰ ਸ੍ਰੀ ਬਲਦੇਵ ਸਿੰਘ ਦੀਆਂ ਸੇਵਾਵਾਂ ਡਿਊਟੀ ਤੋਂ ਜਾਣ ਬੁੱਝ ਕੇ ਗੈਰ ਹਾਜਰ ਹੋਣ ਦੀ ਮਿਤੀ: 01-07-2016 ਤੋਂ ਬਰਖਾਸਤ / ਡਿਸਮਿਸ ਕੀਤੀਆਂ ਜਾਣ।

ਇਸ ਦਫਤਰੀ ਹੁਕਮ ਰਾਹੀ ਸ੍ਰੀ ਮਨਰਾਜ ਸਿੰਘ, ਐਸ.ਐਸ.ਏ. ਪੁਤੱਰ ਸ੍ਰੀ ਬਲਦੇਵ ਸਿੰਘ ਜੋ ਕਿ ਪੀ ਤੇ ਐਮ ਮੰਡਲ, ਵਰਪਾਲ ਤੋਂ 01-07-2016 ਤੋਂ ਜਾਣ ਬੁੱਝ ਕੇ ਡਿਊਟੀ ਤੋਂ ਗੈਰ ਹਾਜਰ ਚੱਲ ਰਿਹਾ ਹੈ, ਦੀਆਂ ਸੇਵਾਵਾਂ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੰ:ਰਾ:ਟ:ਕਾ:ਲਿਮ: ਅਤੇ ਪੰ:ਰਾ:ਪ:ਕਾ:ਲਿਮ:) ਦੇ ਸਜ਼ਾ ਤੇ ਅਪੀਲ ਰੈਗੂਲੇਸ਼ਨ -1971 ਦੇ ਵਿਨਿਯਮ -5 ਦੇ ਉਪ ਨਿਯਮ (IX) ਤਹਿਤ ਮਿਤੀ: 01-07-2016 ਤੋਂ ਬਰਖਾਸਤ (ਡਿਸਮਿਸ) ਕੀਤੀਆਂ ਜਾਂਦੀਆ ਹਨ।

ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ :-

| ਕ੍ਰਮ ਨੰ: | ਸੇਵਾ ਵੇਰਵੇ | ਸੇਵਾ ਵੇਰਵੇ |
|---|---|---|
| 1. | ਕਰਮਚਾਰੀ ਦਾ ਨਾਮ ਅਤੇ ਅਹੁਦਾ | ਸ੍ਰੀ ਮਨਰਾਜ ਸਿੰਘ, ਐਸ.ਐਸ.ਏ. |
| 2. | ਪਿਤਾ ਦਾ ਨਾਮ | ਸ੍ਰੀ ਬਲਦੇਵ ਸਿੰਘ |
| 3. | ਆਈ.ਡੀ.ਨੰਬਰ | 603270 |
| 4. | ਜਨਮ ਮਿਤੀ | 20-01-1978 |
| 5. | ਬੋਰਡ ਵਿੱਚ ਭਰਤੀ ਦੀ ਮਿਤੀ | 10-09-2013 |
| 6. | ਕਰਮਚਾਰੀ ਦਾ ਪਤਾ | ਸ੍ਰੀ ਮਨਰਾਜ ਸਿੰਘ, ਐਸ.ਐਸ.ਏ. ਪੁਤੱਰ ਸ੍ਰੀ ਬਲਦੇਵ ਸਿੰਘ ਮਕਾਨ ਨੰ: ਈ-474 ਰਣਜੀਤ ਐਵੀਨਿਊ ਅਜਨਾਲਾ ਰੋਡ, ਅੰਮ੍ਰਿਤਸਰ । |

11/9/18

ਉਪ ਮੁੱਖ ਇੰਜੀਨੀਅਰ
ਪੀ ਤੇ ਐਮ ਹਲਕਾ, ਅੰਮ੍ਰਿਤਸਰ।

ਪਿੱਠ ਅੰਕਣ ਨੰ: 5032/5497 ਮਿਤੀ: 12-9-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਡੀ.ਜੀ.ਪੀ. / ਵੀ ਤੇ ਐਮ, ਪਟਿਆਲਾ ।
2. ਸਾਰੇ ਇੰਜ:-ਇਨ- ਚੀਫ / ਜਨਰਲ ਮੈਨੇਜਰ ਅਤੇ ਮੁੱਖ ਇੰਜ:/ **PSPCL / PSTCL .**
3. ਮੁੱਖ ਲੇਖਾ ਅਫਸਰ / ਮੁੱਖ ਕਾਸਟ ਕੰਟਰੋਲ ਵਿੱਤ / ਮੁੱਖ ਆਡੀਟਰ / ਮੁੱਖ ਕਾਸਟ ਕੰਟਰੋਲ ਅਤੇ ਰੀਡਕਸ਼ਨ।
4. ਸਾਰੇ ਉਪ ਮੁੱਖ ਇੰਜ: / ਨਿਗਰਾਨ ਇੰਜੀਨੀਅਰ / **PSPCL / PSTCL .**
5. ਸਾਰੇ ਉਪ ਮੁੱਖ ਇੰਜ: ਪੜਤਾਲ / ਉਪ ਮੁੱਖ ਲੇਖਾ ਅਫਸਰ ਅਤੇ ਲੇਖਾ ਅਫਸਰ **PSPCL / PSTCL .**
6. ਸਾਰੇ ਵਧੀਕ ਨਿਗ: ਇੰਜ: / ਸੀਨੀ:ਕਾ:ਕਾ:ਇੰਜ: / **PSPCL / PSTCL .**

-- ਚੱਲਦਾ ਪੰਨਾ -4 --

7. ਸਾਰੇ ਸਯੁੰਕਤ ਸਕੱਤਰ / ਉਪ ਸਕੱਤਰ / ਅਧੀਨ ਸਕੱਤਰ ਅਤੇ ਸਾਰੀਆ ਬ੍ਰਾਂਚਾ ਦੇ ਮੁੱਖੀ ਅਧੀਨ ਸਕੱਤਰੇਤ ਪ੍ਰਸ਼ਾਸ਼ਨ **PSPCL / PSTCL** .
8. ਸੀਨੀ: ਨਿੱਜ ਸਕੱਤਰ ਟੂ ਸੀ.ਐਮ.ਡੀ. **PSPCL / PSTCL** .
9. ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰਜ **PSPCL / PSTCL** .
10. ਨਿੱਜੀ ਸਕੱਤਰ ਟੂ ਜੀ. ਐਮ. ਅਤੇ ਉਪ ਮੁੱਖ ਇੰਜੀਨੀਅਰ / ਪ੍ਰਸੋਨਲ, ਪਟਿਆਲਾ।
11. ਨਿਗਰਾਨ ਇੰਜੀਨੀਅਰ / ਐਚ.ਆਰ. ਤੇ ਆਈ.ਟੀ. **PSPCL / PSTCL** ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਫਤਰੀ ਹੁਕਮ **PSPCL / PSTCL** ਦੀ ਵੈਬਸਾਈਟ ਤੇ ਅੱਪ ਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
12. ਸੀਨੀਅਰ ਕਾਰਜਕਾਰੀ ਇੰਜੀਨੀਅਰ / ਪੀ ਤੇ ਐਮ ਮੰਡਲ, ਵਰਪਾਲ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨੱਥੀ ਦਫਤਰੀ ਹੁਕਮ ਦੀ ਕਾਪੀ ਸਬੰਧੰਤ ਕਰਮਚਾਰੀ ਨੂੰ ਸੌਂਪਕੇ ਉਸਦੀ ਮਿਤੀ ਬੱਧ ਪ੍ਰਾਪਤੀ ਰਸੀਦ ਲੈ ਕੇ ਇਸ ਦਫਤਰ ਨੂੰ ਭੇਜੀ ਜਾਵੇ ਜੇਕਰ ਕਿਸੇ ਕਾਰਨ ਇਹ ਦਫਤਰੀ ਹੁਕਮ ਸਬੰਧੰਤ ਕਰਮਚਾਰੀ ਨੂੰ ਨਾ ਸੌਂਪਿਆ ਜਾ ਸਕਦਾ ਹੋਵੇ ਤਾਂ ਆਪਣੇ ਦਫਤਰ ਦਾ ਵਿਸ਼ੇਸ਼ ਦੂਤ ਭੇਜਕੇ ਕਰਮਚਾਰੀ ਦੇ ਪੱਕੇ ਘਰ ਦੇ ਪਤੇ ਤੇ ਉਸਦੇ ਘਰ ਦੇ ਦਰਵਾਜੇ ਤੇ ਚਿਪਕਾਇਆ ਜਾਵੇ ਅਤੇ ਪਿੰਡ ਦੇ ਸਬੰਧੰਤ ਸਰਪੰਚ ਜਾਂ ਕਿਸੇ ਜਿੰਮੇਵਾਰ ਆਦਮੀ ਦੀ ਹਾਜਰੀ ਵਿੱਚ ਗਵਾਹੀ ਪਾਵਾਈ ਜਾਵੇ। ਇਸ ਦਫਤਰੀ ਹੁਕਮ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਉਸਦਾ ਪੰਨਾ ਨੰਬਰ ਦੱਸਿਆ ਜਾਵੇ ਅਤੇ [illegible]।
13. ਸ਼੍ਰੀ ਮਨਰਾਜ ਸਿੰਘ, ਐਸ.ਐਸ.ਏ. ਪੁਤੱਰ ਸ਼੍ਰੀ ਬਲਦੇਵ ਸਿੰਘ, ਵਾਸੀ ਈ-474, ਰਣਜੀਤ ਐਵੀਨਿਊ, ਅਜਨਾਲਾ ਰੋਡ, ਅੰਮ੍ਰਿਤਸਰ ।

ਨੱਥੀ / ਇੱਕ ਨੰਬਰ ਦਫਤਰੀ ਹੁਕਮ
ਕ੍ਰਮ ਨੰ: 12 ਲਈ ।

11/9/18
ਉਪ ਮੁੱਖ ਇੰਜੀਨੀਅਰ
ਪੀ ਤੇ ਐਮ ਹਲਕਾ, ਅੰਮ੍ਰਿਤਸਰ।